9122024-Ludhiana-07.qxd 12/8/2024 11:24 PM Page 1




# ਲੁਧਿਆਣਾ ਅਜੀਤ

ਅਜੀਤ, ਜਲੰਧਰ

ਸੋਮਵਾਰ, 9 ਦਸੰਬਰ 2024








ਡਾ. ਕੋਟਨਿਸ ਹਸਪਤਾਲ, ਸਲੇਮ ਟਾਬਰੀ ਵਿਖੇ ਲਗਾਏ ਦੋ ਰੋਜ਼ਾ ਮੁਫ਼ਤ ਐਕਿਊਪੰਕਚਰ ਕੈਂਪ ਦੌਰਾਨ ਸਨਮਾਨਿਤ ਸ਼ਖ਼ਸੀਅਤਾਂ ਨੂੰ ਡਾ. ਕੋਟਨਿਸ ਰਤਨ ਅਵਾਰਡ ਨਾਲ ਸਨਮਾਨਿਤ ਕਰਦੇ ਹੋਏ ਡਾ. ਇੰਦਰਜੀਤ ਸਿੰਘ ਤੇ ਹੋਰ। ਅਜੀਤ ਤਸਵੀਰ

## ਡਾ. ਦਵਾਰਕਾ ਨਾਥ ਦੀ 82ਵੀਂ ਬਰਸੀ ਮੌਕੇ ਦੋ ਰੋਜ਼ਾ ਮੁਫ਼ਤ ਐਕਿਊਪੰਕਚਰ ਕੈਂਪ ਲਗਾਇਆ

ਲੁਧਿਆਣਾ, 8 ਦਸੰਬਰ (ਡਾ. ਤਰਲੋਚਨ ਸਿੰਘ)-ਡਾ. ਕੋਟਨਿਸ ਐਕਿਊਪੰਕਚਰ ਹਸਪਤਾਲ ਸਲੇਮ ਟਾਬਰੀ ਵਿਖੇ ਡਾ. ਦਵਾਰਕਾ ਨਾਥ ਦੀ 82ਵੀਂ ਬਰਸੀ ਮੌਕੇ ਦੋ ਰੋਜ਼ਾ ਮੁਫ਼ਤ ਐਕਿਊਪੰਕਚਰ ਕੈਂਪ ਲਗਾਇਆ, ਜਿਸ ਦਾ ਉਦਘਾਟਨ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਸੰਜੇ ਭਾਟੀਆ ਨੇ ਕੀਤਾ। ਇਸ ਮੌਕੇ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਭ ਲਈ ਸਿਹਤ ਦੇ ਨਾਅਰੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਾਡੀਆਂ ਪ੍ਰਾਚੀਨ ਇਲਾਜ ਪ੍ਰਣਾਲੀਆਂ ਇਸ ਨੂੰ ਸਫਲ ਬਣਾਉਣ 'ਚ ਸਹਾਈ ਸਿੱਧ ਹੋ ਸਕਦੀਆਂ ਹਨ ਅਤੇ ਐਕਿਊਪੰਕਚਰ ਇਲਾਜ ਪ੍ਰਣਾਲੀ ਇਸ 'ਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਇਸ ਮੌਕੇ ਚਾਈਨਾ ਅੰਬੈਸੀ ਦਿੱਲੀ ਦੇ ਮਨਿਸਟਰ ਕਾਊਂਸਲਰ ਵਾਂਗ ਸ਼ਿੰਗ ਮਿੰਗ ਨੇ ਕਿਹਾ ਕਿ ਜਿਸ ਤਰ੍ਹਾਂ ਭਾਰਤੀ ਡਾ. ਦਵਾਰਕਾ ਨਾਥ ਕੋਟਨਿਸ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਚੀਨ ਦੇ ਲੋਕਾਂ ਦੀ ਮੁਸੀਬਤ ਦੀ ਘੜੀ 'ਚ ਮਦਦ ਕੀਤੀ, ਚੀਨ ਦੇ ਲੋਕ ਉਨ੍ਹਾਂ ਨੂੰ ਕਦੇ ਨਹੀਂ ਭੁੱਲਣਗੇ। ਚੀਨ ਦੀ ਸਰਕਾਰ ਭਾਰਤ 'ਚ ਐਕਿਊਪੰਕਚਰ ਦੇ ਵਿਕਾਸ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਡਾ. ਕੋਟਨਿਸ ਹਸਪਤਾਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਵਲੋਂ ਐਕਿਊਪੰਕਚਰ ਰਾਹੀਂ ਮਨੁੱਖਤਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਚੈਂਬਰ ਆਫ ਇੰਡਸਟਰੀ ਐਂਡ ਕਾਮਰਸ ਹਰਿਆਣਾ ਦੇ ਚੇਅਰਮੈਨ ਵਿਨੋਦ ਧਮੀਜਾ ਤੇ ਸਕੱਤਰ ਰਾਜੀਵ ਅਗਰਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਡਾ. ਸੰਦੀਪ ਚੋਪੜਾ, ਡਾ. ਬਰਜਿੰਦਰ ਸਿੰਘ, ਡਾ. ਪ੍ਰਿਅੰਕਾ, ਡਾ. ਸੰਦੀਪ, ਸਾਬਕਾ ਮੇਅਰ ਭੁਪਿੰਦਰ ਸਿੰਘ ਪਾਣੀਪਤ, ਮੁਸਕਾਨ ਭਿਆਣਾ, ਜਸਪਾਲ ਸਿੰਘ, ਕਮਲ ਭਿਆਣਾ, ਵੇਦ ਭਟਲਾ, ਹਰਭਜਨ ਨੂੰ ਡਾ. ਕੋਟਨਿਸ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ।

## ਸੰਸਦ ਮੈਂਬਰ ਅਰੋੜਾ ਨੇ ਰਾਜ ਸਭਾ 'ਚ ਵਾਤਾਵਰਣ ਦੇ ਮੁੱਦੇ 'ਤੇ ਪ੍ਰਗਟਾਈ ਚਿੰਤਾ



ਰਾਜ ਸਭਾ ਮੈਂਬਰ ਸੰਜੀਵ ਅਰੋੜਾ, ਕੋਲਾ ਅਤੇ ਖਾਣ ਮੰਤਰੀ ਕਿਸ਼ਨ ਰੈਡੀ।

ਲੁਧਿਆਣਾ, 8 ਦਸੰਬਰ (ਡਾ. ਤਰਲੋਚਨ ਸਿੰਘ)-ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਰਾਜ ਸਭਾ ਦੇ ਚੱਲ ਰਹੇ ਸਰਦ ਰੁੱਤ ਇਜਲਾਸ ਦੌਰਾਨ ਉਠਾਏ ਸਵਾਲਾਂ ਰਾਹੀਂ ਗਲੋਬਲ ਇਨਵਾਇਰਨਮੈਂਟ, ਸੋਸ਼ਲ ਐਂਡ ਗਵਰਨੈਂਸ ਦੇ ਮਾਪਦੰਡਾਂ ਦੇ ਪ੍ਰਭਾਵਾਂ ਪ੍ਰਤੀ ਆਪਣੀ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਦੇਸ਼ ਦੇ ਕੋਲਾ ਉਦਯੋਗ 'ਤੇ ਈ.ਐਸ.ਜੀ. ਮਾਪਦੰਡਾਂ ਦੇ ਪ੍ਰਭਾਵ ਅਤੇ ਇਨ੍ਹਾਂ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੋਲਾ ਕੰਪਨੀਆਂ ਵਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਬਾਰੇ ਜਾਣਕਾਰੀ ਮੰਗੀ ਕਿ ਸਰਕਾਰ ਕੋਲਾ ਉਤਪਾਦਨ ਵਿਚ ਵਧੇਰੇ ਟਿਕਾਊ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਅਭਿਆਸਾਂ ਨੂੰ ਅਪਣਾਉਣ ਲਈ ਨਿਵੇਸ਼ਕਾਂ ਅਤੇ ਅੰਤਰਰਾਸ਼ਟਰੀ ਹਿੱਸੇਦਾਰਾਂ ਦੇ ਦਬਾਅ ਨੂੰ ਕਿਵੇਂ ਹੱਲ ਕਰ ਰਹੀ ਹੈ। ਇੱਥੇ ਇਕ ਬਿਆਨ ਵਿਚ ਅਰੋੜਾ ਨੇ ਕਿਹਾ ਕਿ ਕੋਲਾ ਅਤੇ ਖਾਣ ਮੰਤਰੀ ਕਿਸ਼ਨ ਰੈਡੀ ਨੇ ਆਪਣੇ ਜਵਾਬ ਵਿਚ ਜ਼ਿਕਰ ਕੀਤਾ ਕਿ ਈ.ਐਸ.ਜੀ. ਮਾਪਦੰਡ ਕਾਰਬਨ ਨਿਕਾਸੀ ਨੂੰ ਘਟਾਉਣ, ਰਹਿੰਦ-ਖੂੰਹਦ ਪ੍ਰਬੰਧਨ, ਵਾਤਾਵਰਣ ਦੇ ਵਿਗਾੜ ਨੂੰ ਘਟਾਉਣ ਅਤੇ ਪ੍ਰਸ਼ਾਸਨ ਦੇ ਪ੍ਰਭਾਵਾਂ 'ਤੇ ਜ਼ੋਰ ਦਿੰਦੇ ਹਨ। ਕੋਲਾ ਉਦਯੋਗ ਲਈ ਇਸਦਾ ਅਰਥ ਹੈ ਵਾਤਾਵਰਣ ਦੇ ਨਿਯਮਾਂ ਦੀ ਪਾਲਣਾ ਕਰਨਾ, ਇਸ ਦੇ ਕਾਰਬਨ ਫੁੱਟ ਪ੍ਰਿੰਟ ਨੂੰ ਘਟਾਉਣ ਲਈ ਸਾਫ਼-ਸੁਥਰੀ ਤਕਨੀਕਾਂ ਅਤੇ ਅਭਿਆਸਾਂ ਨੂੰ ਅਪਣਾਉਣਾ। ਈ.ਐਸ.ਜੀ. ਮਾਪਦੰਡ ਕਾਰੋਬਾਰੀ ਕਾਰਵਾਈਆਂ ਦੇ ਸਮਾਜਿਕ ਪਹਿਲੂਆਂ ਨੂੰ ਬਿਹਤਰ ਬਣਾਉਣ 'ਤੇ ਕੇਂਦਰਿਤ ਕਰਦੇ ਹਨ। ਮੰਤਰੀ ਨੇ ਅੱਗੇ ਜਵਾਬ ਦਿੱਤਾ ਕਿ ਕੋਲਾ ਮੰਤਰਾਲੇ ਦੇ ਅਧੀਨ ਪਬਲਿਕ ਸੈਕਟਰ ਅੰਡਰਟੇਕਿੰਗਜ਼ ਈ.ਐਸ.ਜੀ. ਮਾਪਦੰਡਾਂ ਦੇ ਅਨੁਸਾਰ ਟਿਕਾਊ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਅਭਿਆਸਾਂ ਨੂੰ ਅਪਣਾ ਰਹੇ ਹਨ। ਕੋਲ ਇੰਡੀਆ ਲਿਮਟਿਡ ਨੇ ਆਪਣੇ ਵਿੱਤੀ ਨਤੀਜਿਆਂ ਨੂੰ ਈ.ਐਸ.ਜੀ. ਪ੍ਰਦਰਸ਼ਨ ਨਾਲ ਜੋੜਨ ਲਈ ਵਿਆਪਕ ਬਿਜ਼ਨਸ ਰਿਸਪੋਂਸਿਬਿਲਿਟੀ ਐਂਡ ਸਸਟੇਨੇਬਿਲਿਟੀ ਰਿਪੋਰਟਸ ਪ੍ਰਕਾਸ਼ਿਤ ਕੀਤੀਆਂ ਹਨ।

## ਪਿੰਡ ਡੱਲਾ ਤੋਂ ਗੋਪਾਲ ਸਿੰਘ ਪਾਲੀ ਸਰਪੰਚੀ ਦੀ ਚੋਣ ਜਿੱਤਿਆ



ਗੋਪਾਲ ਸਿੰਘ ਪਾਲੀ

ਹਠੂਰ, 8 ਦਸੰਬਰ (ਜਸਵਿੰਦਰ ਸਿੰਘ ਛਿੰਦਾ)-ਪਿੰਡ ਡੱਲਾ ਵਿਖੇ ਅੱਜ ਹੋਈ ਸਰਪੰਚੀ ਚੋਣ ਦੌਰਾਨ ਗੋਪਾਲ ਸਿੰਘ ਪਾਲੀ ਸਰਪੰਚੀ ਚੋਣ ਜਿੱਤ ਗਿਆ ਹੈ। ਉਸ ਨੇ ਆਪਣੇ ਵਿਰੋਧੀ ਉਮੀਦਵਾਰ ਚੰਦ ਸਿੰਘ ਡੱਲਾ ਨੂੰ 400 ਤੋਂ ਉੱਪਰ ਵੋਟਾਂ ਦੇ ਫਰਕ ਨਾਲ ਹਰਾ ਕੇ ਇਹ ਚੋਣ ਜਿੱਤੀ ਹੈ। ਜਿਕਰਯੋਗ ਹੈ ਕਿ ਗੋਪਾਲ ਸਿੰਘ ਪਾਲੀ ਆਮ ਆਦਮੀ ਪਾਰਟੀ ਦਾ ਸਰਗਰਮ ਆਗੂ ਹੈ ਤੇ ਚੰਦ ਸਿੰਘ ਡੱਲਾ ਸ਼੍ਰੋਮਣੀ ਅਕਾਲੀ ਦਲ ਦਾ ਸੀਨੀਅਰ ਆਗੂ ਹੈ। ਪਹਿਲਾਂ ਹੋਈਆਂ ਪੰਚਾਇਤੀ ਚੋਣਾਂ ਦੇ ਐਨ ਇਕ ਦਿਨ ਪਹਿਲਾਂ ਇਹ ਚੋਣਾਂ ਰੱਦ ਕਰ ਦਿੱਤੀਆਂ ਸਨ ਤੇ ਹਾਈ ਕੋਰਟ ਦੇ ਹੁਕਮਾਂ ਨਾਲ ਇਕ ਅੱਜ ਦੁਬਾਰਾ ਕਰਵਾਈਆਂ ਗਈਆਂ ਸਨ। ਦੋਵਾਂ ਉਮੀਦਵਾਰਾਂ ਦਾ ਚੋਣ ਜਿੱਤਣ ਲਈ ਪੂਰਾ ਜ਼ੋਰ ਲੱਗਿਆ ਹੋਇਆ ਸੀ, ਜਿਥੇ ਚੋਣ ਪ੍ਰਚਾਰ ਦੇ ਆਖਰੀ ਦਿਨ ਅਕਾਲੀ ਲੀਡਰਸ਼ਿਪ ਨੇ ਚੰਦ ਸਿੰਘ ਡੱਲਾ ਦੇ ਹੱਕ 'ਚ ਪ੍ਰਚਾਰ ਕੀਤਾ ਸੀ, ਉੱਥੇ ਗੋਪਾਲ ਸਿੰਘ ਪਾਲੀ ਦੇ ਹੱਕ 'ਚ ਹਲਕਾ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਵੀ ਘਰ-ਘਰ ਜਾ ਕੇ ਚੋਣ ਪ੍ਰਚਾਰ ਕਰਦੇ ਨਜ਼ਰ ਆ ਰਹੇ ਸਨ।



ਭਾਵਾਧਸ ਦੇ ਮੁੱਖ ਸੰਚਾਲਕ ਵਿਜੇ ਦਾਨਵ ਗੱਲਬਾਤ ਕਰਦੇ ਹੋਏ ਨਾਲ ਹੋਰ ਮੈਂਬਰ। ਅਜੀਤ ਤਸਵੀਰ

## ਭਾਰਤ ਸਰਕਾਰ ਬੰਗਲਾਦੇਸ਼ 'ਚ ਹਿੰਦੂਆਂ ਦੀ ਸੁਰੱਖਿਆ ਲਈ ਵਿਸ਼ੇਸ ਉਪਰਾਲੇ ਕਰੇ-ਵਿਜੈ ਦਾਨਵ

ਲੁਧਿਆਣਾ, 8 ਦਸੰਬਰ (ਪਰਮਿੰਦਰ ਸਿੰਘ ਆਹੂਜਾ-ਭਾਰਤੀ ਵਾਲਮੀਕਿ ਧਰਮ ਸਮਾਜ (ਭਾਵਾਧਸ) ਭਾਰਤ ਦੇ ਰਾਸ਼ਟਰੀ ਦਫਤਰ ਵਿਖੇ ਮੁੱਖ ਸੰਚਾਲਕ ਵਿਜੇ ਦਾਨਵ ਨੇ ਬੰਗਲਾ ਦੇਸ਼ 'ਚ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਅਣਮਨੁੱਖੀ ਅਤੇ ਮਾਨਵਤਾ ਦੇ ਖ਼ਿਲਾਫ਼ ਹੈ, ਜਿਸ ਦਾ ਉਹ ਸਖ਼ਤ ਸ਼ਬਦਾਂ ਵਿਚ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਬੰਗਲਾ ਦੇਸ਼ ਵਿਖੇ ਹਿੰਦੂਆਂ ਦੇ ਨਾਲ ਨਾਲ ਦਲਿਤ ਸਮਾਜ ਦੇ ਲੋਕਾਂ 'ਤੇ ਅੱਤਿਆਚਾਰ ਕੀਤਾ ਜਾ ਰਿਹਾ ਹੈ ਜੋ ਕਿ ਬਰਦਾਸ਼ਤ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਤੇ ਹਿੰਦੂ ਮੰਦਿਰਾਂ ਅਤੇ ਹਿੰਦੂਆਂ 'ਤੇ ਹੋ ਰਹੇ ਹਮਲਿਆਂ ਨੂੰ ਕਦੇ ਵੀ ਮੁਆਫ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਬੰਗਲਾ ਦੇਸ਼ 'ਚ ਹਿੰਦੂਆਂ ਤੇ ਹੋਰ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਲਈ ਉੱਥੋਂ ਦੀ ਸਰਕਾਰ ਤੇ ਬੰਗਲਾ ਦੇਸ਼ ਦੇ ਅੰਤਰਿਮ ਪ੍ਰਧਾਨ ਮੰਤਰੀ ਯੂਨਿਸ ਖਾਨ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਉਥੇ ਹਿੰਦੂ ਧਾਰਮਿਕ ਸਥਾਨਾਂ 'ਤੇ ਕੱਟੜਪੰਥੀਆਂ ਵਲੋਂ ਹਮਲੇ ਕੀਤੇ ਜਾ ਰਹੇ ਹਨ ਤੇ ਉਥੇ ਰਹਿ ਰਹੇ ਹਿੰਦੂਆਂ ਅਤੇ ਘੱਟ ਗਿਣਤੀ ਔਰਤਾਂ ਨੂੰ ਨਿਸ਼ਾਨਾ ਬਣਾਉਣਾ ਇਹ ਦਰਸਾਉਂਦਾ ਹੈ ਕਿ ਬੰਗਲਾ ਦੇਸ਼ 'ਚ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ ਬਚੀ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬੰਗਲਾ ਦੇਸ਼ 'ਚ ਹਿੰਦੂਆਂ ਤੇ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਉਪਰਾਲੇ ਕੀਤੇ ਜਾਣ। ਇਸ ਮੌਕੇ ਰੋਹਿਤ ਸਹੋਤਾ, ਅਕਸ਼ੈ ਰਾਜ, ਧਰਮਵੀਰ ਮਚਲ, ਸੰਨੀ ਪੱਬਮੇ, ਸ਼ਿਵ ਪਰਚਾ, ਮਦਨ ਧਾਲੀਵਾਲ, ਹਰਵਿੰਦਰ ਮੱਟੂ, ਵਿਜੇ ਬੱਤਰਾ, ਵਿਜੇ, ਬਨਾਰਸੀ ਦਾਸ, ਸੰਜੀਵ ਬੇਗੜਾ, ਸੰਜੀਤ ਦਿਸਾਵਰ, ਦੀਪਕ ਖੋਖਰ ਆਦਿ ਹਾਜ਼ਰ ਸਨ



ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ ਮਾਡਲ ਟਾਊਨ ਵਿਖੇ ਕਰਵਾਏ ਜਾ ਰਹੇ ਦੋ ਦਿਨਾ ਐਥਲੈਟਿਕ ਮੀਟ ਦੌਰਾਨ ਰੱਸਾਕਸ਼ੀ ਦਾ ਮੁਕਾਬਲਾ ਕਰਦਾ ਹੋਏ ਵਿਦਿਆਰਥੀ। ਅਜੀਤ ਤਸਵੀਰ

## ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਦੋ ਦਿਨਾਂ ਅਥਲੈਟਿਕ ਮੀਟ

ਲੁਧਿਆਣਾ, 8 ਦਸੰਬਰ (ਭੁਪਿੰਦਰ ਸਿੰਘ ਬੈਂਸ)-ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ ਮਾਡਲ ਟਾਊਨ ਦਾ 2 ਦਿਨਾਂ ਸਾਲਾਨਾ ਅਥਲੈਟਿਕ ਮੀਟ ਦਾ ਉਦਘਾਟਨੀ ਸਮਾਗਮ ਸਕੂਲ ਦੇ ਮੈਦਾਨ 'ਚ ਧੂਮਧਾਮ ਨਾਲ ਸ਼ੁਰੂ ਹੋਇਆ। ਇਸ ਮੌਕੇ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਜਸਦੇਵ ਸਿੰਘ ਸੇਖੋਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਵਧੀਆ ਸਮਕਾਲੀ ਮਾਰਚ ਪਾਸਟ ਨਾਲ ਹੋਈ। ਇਸ ਤੋਂ ਬਾਅਦ ਦਸਵੀਂ ਜਮਾਤ ਦੀ ਹਰਜਸ ਕੌਰ ਦੀ ਅਗਵਾਈ ਹੇਠ ਸਹੁੰ ਚੁੱਕ ਸਮਾਗਮ ਹੋਇਆ। 12ਵੀਂ ਜਮਾਤ ਦੇ ਮਨਵੀਰ ਸਿੰਘ ਨੇ ਮਸ਼ਾਲ ਜਗਾ ਕੇ ਸਮਾਗਮ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਮੀਟ ਨੂੰ ਕਈ ਰੰਗਾਂ ਦੇ ਬੈਲਨ ਛੱਡ ਕੇ ਖੁੱਲ੍ਹਾ ਐਲਾਨਿਆ ਗਿਆ, ਜੋ ਕਿ ਸੱਚੇ ਖਿਡਾਰੀਆਂ ਦੀ ਭਾਵਨਾ ਦਾ ਸੰਦੇਸ਼ ਲੈ ਕੇ ਉੱਪਰ ਵੱਲ ਵਧਿਆ। ਇਸ ਮੌਕੇ ਵਿਦਿਆਰਥੀਆਂ ਦੇ ਫਲਾਂ ਦੀ ਦੌੜ, ਸਬਜ਼ੀਆਂ ਦੀ ਦੌੜ, ਜੋੜਾ ਦੌੜ, ਰੱਸਾਕਸ਼ੀ ਦੀ ਦੌੜ, ਬੰਨੀ ਦੌੜ, ਡੱਡੂ ਦੌੜ, ਡਰੈਗ ਰੇਸ, ਰਿਲੇਅ ਰੇਸ ਆਦਿ ਦੇ ਮੁਕਾਬਲੇ ਹੋਏ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਗੁਰਮੰਤ ਕੌਰ ਵੀ ਮੌਜੂਦ ਸਨ।



ਸਿਖਲਾਈ ਕੈਂਪ ਦੌਰਾਨ ਮਾਹਿਰ ਡਾ. ਜਾਣਕਾਰੀ ਦਿੰਦੇ ਹੋਏ। ਅਜੀਤ ਤਸਵੀਰ

## ਖੇਤੀਬਾੜੀ ਯੂਨੀਵਰਸਿਟੀ ਵਿਖੇ ਕਿਸਾਨ ਕਲੱਬ ਦਾ ਸਿਖਲਾਈ ਕੈਂਪ ਲਗਾਇਆ

ਲੁਧਿਆਣਾ, 8 ਦਸੰਬਰ (ਜਤਿੰਦਰ ਭੰਬੀ)-ਖੇਤੀਬਾੜੀ ਯੂਨੀਵਰਸਿਟੀ ਵਿਖੇ ਕਿਸਾਨ ਕਲੱਬ ਵਲੋਂ ਡਾ. ਮਨਮੋਹਨ ਸਿੰਘ ਆਡੀਟੋਰੀਅਮ ਦੇ ਮਲਟੀਪਰਪਜ਼ ਹਾਲ ਵਿਖੇ ਡਾਇਰੈਕਟੋਰੇਟ ਪਸਾਰ ਸਿੱਖਿਆ ਦੀ ਅਗਵਾਈ ਹੇਠ ਕਲੱਬ ਦੇ ਮੈਂਬਰਾਂ ਵਲੋਂ ਸਿਖਲਾਈ ਕੈਂਪ ਲਗਾਇਆ। ਫ਼ਸਲ ਵਿਗਿਆਨੀ ਡਾ. ਤਰੁਨਦੀਪ ਕੌਰ ਧਾਲੀਵਾਲ ਨੇ ਪੀ. ਏ. ਯੂ. ਵਲੋਂ ਸਿਫਾਰਸ਼ ਤਰੀਕਿਆਂ ਦੀ ਵਰਤੋਂ ਕਰਕੇ ਹਾੜੀ ਦੀਆਂ ਫ਼ਸਲਾਂ ਵਿਚ ਨਦੀਨ ਪ੍ਰਬੰਧ ਬਾਰੇ ਜਾਣਕਾਰੀ ਸਾਂਝੀ ਕੀਤੀ। ਭੂਮੀ ਵਿਗਿਆਨ ਤੋਂ ਡਾ. ਵਿਵੇਕ ਸ਼ਰਮਾ ਨੇ ਕਿਸਾਨਾਂ ਨੂੰ ਮਿੱਟੀ ਵਿਚ ਮੌਜੂਦ ਲਘੂ ਤੱਤਾਂ ਬਾਰੇ ਜਾਣਕਾਰੀ ਦਿੱਤੀ। ਸੀਨੀਅਰ ਪੌਦਾ ਰੋਗ ਵਿਗਿਆਨੀ ਡਾ. ਅਮਰਜੀਤ ਸਿੰਘ ਨੇ ਹਾੜ੍ਹੀ ਦੀਆਂ ਫ਼ਸਲਾਂ 'ਚ ਕਣਕ 'ਤੇ ਆਉਣ ਵਾਲੀਆਂ ਬਿਮਾਰੀਆਂ ਤੇ ਬਿਮਾਰੀਆਂ ਦੀ ਰੋਕਥਾਮ ਉਤੇ ਚਾਨਣਾ ਪਾਇਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਰਿਸੋਰਸ ਮੈਨੇਜਮੈਂਟ ਐਂਡ ਕੰਜ਼ਿਊਮਰ ਸਾਇੰਸ ਵਿਭਾਗ ਦੇ ਡਾ. ਹਰਪਿੰਦਰ ਕੌਰ ਨੇ ਸਿਹਤਮੰਦ ਖਾਣਾ ਪਕਾਉਣ ਲਈ ਭਾਂਡਿਆਂ ਦੀ ਚੋਣ ਬਾਰੇ ਜਾਣਕਾਰੀ ਦਿੱਤੀ। ਕਲੱਬ ਦੇ ਸਕੱਤਰ ਸਤਵੀਰ ਸਿੰਘ ਨੇ ਮਾਹਿਰਾਂ ਤੇ ਕਲੱਬ ਦੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਕਲੱਬ ਦੇ ਪ੍ਰਧਾਨ ਮਨਪ੍ਰੀਤ ਗਰੇਵਾਲ ਨੇ ਅੰਤ ਵਿਚ ਧੰਨਵਾਦ ਕੀਤਾ। ਸੰਚਾਰ ਕੇਂਦਰ ਦੇ ਵਰਿੰਦਰ ਸਿੰਘ ਨੇ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ। ਸਮੁੱਚਾ ਸਮਾਗਮ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਤੇ ਡਾ. ਕੁਲਦੀਪ ਸਿੰਘ ਦੀ ਨਿਗਰਾਨੀ ਹੇਠ ਕਰਵਾਇਆ ਗਿਆ।

# ਪਿੰਡ ਪੋਨਾ ਦੀ ਸਰਪੰਚੀ ਦੀ ਚੋਣ 'ਚ ਨਗਰ ਵਾਸੀਆਂ ਨੇ ਵਧ-ਚੜ੍ਹ ਕੇ ਕੀਤੀ ਵੋਟਿੰਗ

ਚੌਂਕੀਮਾਨ, 8 ਦਸੰਬਰ (ਤੇਜਿੰਦਰ ਸਿੰਘ ਚੱਢਾ)-ਪਿੰਡ ਪੋਨਾ ਦੀ ਰੱਦ ਹੋਈ ਸਰਪੰਚੀ ਦੀ ਚੋਣ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਪ੍ਰਸ਼ਾਸਨ ਵਲੋਂ ਕਰਵਾਈ ਗਈ ਤੇ ਜਗਰਾਉਂ ਸਦਰ ਥਾਣਾ ਦੇ ਐਸ. ਐੱਚ. ਓ. ਸੁਰਜੀਤ ਸਿੰਘ ਦੀ ਅਗਵਾਈ 'ਚ ਪੁਲਿਸ ਪਾਰਟੀ ਨੇ ਚੋਣ ਦੀ ਨਿਗਰਾਨੀ ਰੱਖੀ ਤੇ ਚੋਣਾਂ ਸ਼ਾਂਤਮਈ ਢੰਗ ਨਾਲ ਕਰਵਾਈਆਂ। ਇਸ ਮੌਕੇ ਪਿੰਡ ਪੋਨਾ ਦੇ ਸਰਪੰਚੀ ਦੇ ਉਮੀਦਵਾਰ ਹਰਪ੍ਰੀਤ ਸਿੰਘ ਰਾਜੂ ਪੋਨਾ (ਉੱਘੇ ਕਾਰੋਬਾਰੀ ਤੇ ਸਮਾਜ ਸੇਵੀ) ਨੇ ਕਿਹਾ ਕਿ ਸਮੁੱਚੇ ਨਗਰ ਵਲੋਂ ਅੱਜ ਵਧ-ਚੜ੍ਹ ਕੇ ਸਰਪੰਚੀ ਦੀ ਹੋ ਰਹੀ ਚੋਣ 'ਚ ਵੋਟਿੰਗ ਕੀਤੀ, ਜਿਸ ਲਈ ਉਕਤ ਆਗੂਆਂ ਨੇ ਧੰਨਵਾਦ ਕੀਤਾ। ਇਸ ਮੌਕੇ ਬੀਬੀ ਜੋਗਿੰਦਰ ਕੌਰ, ਪ੍ਰਧਾਨ ਦਲਜੀਤ ਸਿੰਘ, ਧਰਮ ਸਿੰਘ, ਤੇਜਿੰਦਰ ਸਿੰਘ, ਬਲਜੀਤ ਸਿੰਘ, ਦਲਵੀਰ ਸਿੰਘ, ਅਜੈਬ ਸਿੰਘ, ਜਸਮੇਲ ਸਿੰਘ, ਜੋਗਿੰਦਰ ਸਿੰਘ, ਬਾਬਾ ਹਰਨੇਕ ਸਿੰਘ, ਨੰਬਰਦਾਰ ਪੂਰਨ ਸਿੰਘ, ਨੰਬਰਦਾਰ ਬਲਵਿੰਦਰ ਸਿੰਘ, ਨੰਬਰਦਾਰ ਜਤਿੰਦਰ ਸਿੰਘ, ਨੰਬਰਦਾਰ ਰਾਜਵਿੰਦਰ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ, ਕੁਲਦੀਪ ਸਿੰਘ, ਸਰਬਜੀਤ ਸਿੰਘ, ਗੁਰਪ੍ਰੀਤ ਸਿੰਘ, ਇਕਬਾਲ ਸਿੰਘ, ਜਗਜੀਤ ਸਿੰਘ, ਪੰਚ ਕੁਲਦੀਪ ਸਿੰਘ, ਗਗਨ ਸਿੰਘ, ਰੁਪਿੰਦਰ ਸਿੰਘ ਧਾਲੀਵਾਲ, ਬਸੰਤ ਸਿੰਘ ਧਾਲੀਵਾਲ, ਰੂਪ ਸਿੰਘ, ਕਰਮਜੀਤ ਸਿੰਘ, ਗੁਰਜੀਤ ਸਿੰਘ, ਸੰਤ ਸਿੰਘ ਸਰਬਜੀਤ ਸਿੰਘ, ਗਗਨ ਪੰਡਿਤ, ਪ੍ਰੀਤਮ ਦਾਸ, ਬਲਦੇਵ ਸਿੰਘ, ਬਲਜਿੰਦਰ ਸਿੰਘ, ਸੋਨੀ ਪੋਨਾ, ਰਾਜਵਿੰਦਰ ਸਿੰਘ ਰਾਜੂ, ਪ੍ਰਧਾਨ ਜਗਜੀਤ ਸਿੰਘ, ਪ੍ਰਧਾਨ ਸੁਖਰਾਜਵੀਰ ਸਿੰਘ, ਕਸ਼ਮੀਰ ਸਿੰਘ, ਬਹਾਰਵੀਰ ਸਿੰਘ, ਸੁਖਦੀਪ ਸਿੰਘ, ਪੰਡਿਤ ਰਾਮਪਾਲ, ਸੰਤ ਸਿੰਘ, ਸਿਵ ਕੁਮਾਰ ਪੋਨਾ ਆਦਿ ਹਾਜ਼ਰ ਸਨ।




ਪਿੰਡ ਪੋਨਾ ਦੇ ਸਰਪੰਚੀ ਦੇ ਉਮੀਦਵਾਰ ਹਰਪ੍ਰੀਤ ਸਿੰਘ ਰਾਜੂ ਪੋਨਾ ਦੇ ਪੋਲਿੰਗ ਬੂਥ 'ਤੇ ਸਾਬਕਾ ਸਰਪੰਚ ਗੁਰਬਿੰਦਰ ਸਿੰਘ ਪੋਨਾ, ਜਸਵੀਰ ਸਿੰਘ ਜੱਸੂ ਪੋਨਾ, ਬੀਬੀ ਜੋਗਿੰਦਰ ਕੌਰ, ਸਕੱਤਰ ਗੁਰਪ੍ਰੀਤ ਸਿੰਘ ਪੋਨਾ, ਸ਼ਿਵ ਕੁਮਾਰ ਪੋਨਾ ਤੇ ਵੱਡੀ ਗਿਣਤੀ ਵਿਚ ਸਮਰਥਕ (ਸੱਜੇ) ਪੁਲਿਸ ਮੁਲਾਜ਼ਮ ਨਿਗਰਾਨੀ ਕਰਦੇ ਹੋਏ। ਤਸਵੀਰਾਂ : ਤੇਜਿੰਦਰ ਸਿੰਘ ਚੱਢਾ

## ਪਿੰਡ ਪੋਨਾ ਦੇ ਹਰਪ੍ਰੀਤ ਸਿੰਘ ਰਾਜੂ ਪੋਨਾ ਬਣੇ ਸਰਪੰਚ

### ਆਪਣੇ ਵਿਰੋਧੀ ਉਮੀਦਵਾਰ ਨੂੰ 589 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ



ਪਿੰਡ ਪੋਨਾ ਦੇ ਨਵੇਂ ਬਣੇ ਸਰਪੰਚ ਹਰਪ੍ਰੀਤ ਸਿੰਘ ਰਾਜੂ ਪੋਨਾ

ਚੌਂਕੀਮਾਨ-ਪਿੰਡ ਪੋਨਾ ਦੀ ਹੋਈ ਸਰਪੰਚੀ ਦੀ ਚੋਣ 'ਚ ਨਗਰ ਨਿਵਾਸੀਆਂ ਦੇ ਸਾਂਝੇ ਉਮੀਦਵਾਰ ਹਰਪ੍ਰੀਤ ਸਿੰਘ ਰਾਜੂ ਪੋਨਾ (ਉੱਘੇ ਕਾਰੋਬਾਰੀ ਤੇ ਸਮਾਜ ਸੇਵੀ) ਨੇ ਆਪਣੇ ਵਿਰੋਧੀ ਉਮੀਦਵਾਰ ਕੁਲਵੰਤ ਸਿੰਘ ਪੋਨਾ ਨੂੰ 589 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। ਦੱਸਣਯੋਗ ਹੈ ਕਿ ਪਿਛਲੀਆਂ ਲੰਘੀਆਂ ਪੰਚਾਇਤੀ ਚੋਣਾਂ ਦੌਰਾਨ ਪਿੰਡ ਪੋਨਾ ਦੀ ਸਰਪੰਚੀ ਦੀ ਚੋਣ ਰੱਦ ਕਰ ਦਿੱਤੀ ਗਈ ਸੀ। ਇਸ ਮੌਕੇ ਸਾਬਕਾ ਸਰਪੰਚ ਗੁਰਬਿੰਦਰ ਸਿੰਘ ਪੋਨਾ, ਸਮਾਜ ਸੇਵੀ ਜਸਵੀਰ ਸਿੰਘ ਜੱਸੂ ਪੋਨਾ, ਸਾਬਕਾ ਸਰਪੰਚ ਬੀਬੀ ਪਰਮਜੀਤ ਕੌਰ ਜਵੰਦਾ, ਬੀਬੀ ਜੋਗਿੰਦਰ ਕੌਰ, ਸਕੱਤਰ ਗੁਰਪ੍ਰੀਤ ਸਿੰਘ ਪੋਨਾ, ਪ੍ਰਧਾਨ ਬਲਜੀਤ ਸਿੰਘ ਪੋਨਾ, ਪ੍ਰਧਾਨ ਦਲਜੀਤ ਸਿੰਘ ਪੋਨਾ, ਸਿਵ ਕੁਮਾਰ ਪੋਨਾ, ਧਰਮ ਸਿੰਘ, ਗੁਰਸੇਵਕ ਸਿੰਘ ਅਤੇ ਗਗਨ ਪੋਨਾ, ਸਤਨਾਮ ਸਿੰਘ, ਸਹਿਨਾਜ ਕੌਰ, ਲੱਕੀ ਪੰਡਿਤ, ਪਵਨਜੀਤ ਕੌਰ, ਕਿਰਨਦੀਪ ਕੌਰ, ਜਗਮੇਲ ਸਿੰਘ (ਸਾਰੇ ਪੰਚ) ਨੇ ਦੱਸਿਆ ਕਿ ਹਰਪ੍ਰੀਤ ਸਿੰਘ ਰਾਜੂ ਪੋਨਾ ਨੂੰ 673 ਵੋਟ ਤੇ ਵਿਰੋਧੀ ਉਮੀਦਵਾਰ ਕੁਲਵੰਤ ਸਿੰਘ ਪੋਨਾ ਨੂੰ 84 ਵੋਟਾਂ ਪਈਆਂ। ਇਸ ਮੌਕੇ ਨਵੇਂ ਬਣੇ ਸਰਪੰਚ ਹਰਪ੍ਰੀਤ ਸਿੰਘ ਰਾਜੂ ਪੋਨਾ ਨੇ ਸਮੁੱਚੇ ਨਗਰ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸੇਵਾ ਕਰਨ ਦਾ ਮੌਕਾ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਗਰਾਉਂ ਹਲਕੇ ਦੇ ਇੰਚਾਰਜ ਸਾਬਕਾ ਵਿਧਾਇਕ ਐਸ. ਆਰ. ਕਲੇਰ, ਕਾਂਗਰਸ ਪਾਰਟੀ ਦੇ ਜਗਰਾਉਂ ਹਲਕੇ ਦੇ ਇੰਚਾਰਜ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ, ਚੇਅਰਮੈਨ ਦੀਦਾਰ ਸਿੰਘ ਮਲਕ, ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ, ਕਰਨਜੀਤ ਸਿੰਘ ਸੋਨੀ ਗਾਲਿਬ, ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ, ਪ੍ਰਧਾਨ ਕਮਲਜੀਤ ਸਿੰਘ ਮੱਲ੍ਹਾ, ਪ੍ਰਧਾਨ ਬਿੰਦਰ ਮਨੀਲਾ ਸਮੇਤ ਵੱਖ-ਵੱਖ ਆਗੂਆਂ ਨੇ ਹਰਪ੍ਰੀਤ ਸਿੰਘ ਰਾਜੂ ਪੋਨਾ ਨੂੰ ਵਧਾਈ ਦਿੱਤੀ।




ਪੀ. ਏ. ਯੂ. 'ਚ ਕਰਵਾਏ ਦੋ ਰੋਜ਼ਾ ਸਿਖਲਾਈ ਕੈਂਪ ਦੌਰਾਨ ਡਾ. ਆਲਮ ਭਾਗੀਦਾਰਾਂ ਨੂੰ ਮਿਆਰੀ ਉਤਪਾਦਾਂ ਸੰਬੰਧੀ ਜਾਣਕਾਰੀ ਦਿੰਦੇ ਹੋਏ। ਅਜੀਤ ਤਸਵੀਰ

## ਪੀ.ਏ.ਯੂ. 'ਚ ਖੇਤੀ ਪ੍ਰੋਸੈਸਿੰਗ 'ਚ ਉਦਮ ਪ੍ਰੋਗਰਾਮ ਦੇ ਤਹਿਤ ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ

ਲੁਧਿਆਣਾ, 8 ਦਸੰਬਰ (ਜਤਿੰਦਰ ਭੰਬੀ)-ਪੀ. ਏ. ਯੂ. ਦੇ ਪ੍ਰੋਸੈਸਿੰਗ ਤੇ ਭੋਜਨ ਇੰਜੀਨੀਅਰਿੰਗ ਵਿਭਾਗ ਨੇ ਏ. ਆਈ. ਸੀ. ਆਰ. ਪੀ., ਪੀ. ਐਚ. ਈ. ਟੀ. ਦੇ ਅਧੀਨ ਅਨੁਸੂਚਿਤ ਜਾਤੀ ਉਮੀਦਵਾਰਾਂ ਦੀ ਬਿਹਤਰ ਰੋਜ਼ੀ ਰੋਟੀ ਲਈ ਖੇਤੀ ਪ੍ਰੋਸੈਸਿੰਗ 'ਚ ਉਦਮ ਪ੍ਰੋਗਰਾਮ ਦੇ ਤਹਿਤ ਦੋ ਰੋਜ਼ਾ ਸਿਖਲਾਈ ਕੈਂਪ ਲਗਾਏ। ਇਸ ਮੌਕੇ ਜਿਥੇ 2 ਦਿਨਾਂ ਦੇ ਕੈਂਪ 'ਚ 50 ਭਾਗੀਦਾਰਾਂ ਨੇ ਸਿਖਲਾਈ ਪ੍ਰਾਪਤ ਕੀਤੀ, ਉਥੇ ਹੀ ਡਾ. ਆਲਮ ਨੇ ਮਿਆਰੀ ਉਤਪਾਦਾਂ ਲਈ, ਫ਼ਸਲਾਂ ਦੀ ਵਢਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ, ਪੇਂਡੂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਤੇ ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਤੋਂ ਇਲਾਵਾ ਆਰਥਿਕ ਤੇ ਸਮਾਜਿਕ ਸਥਿਤੀ 'ਚ ਸੁਧਾਰ ਕਰਨ ਲਈ ਐਗਰੋ ਪ੍ਰੋਸੈਸਿੰਗ ਕੰਪਲੈਕਸਾਂ ਦੀ ਧਾਰਨਾ 'ਤੇ ਜ਼ੋਰ ਦਿੱਤਾ। ਡਾ. ਸੁਰੇਖਾ ਭਾਟੀਆ ਨੇ ਗੁੜ ਦੀ ਉਤਪਾਦਨ ਤੇ ਗੁਣਵੱਤਾ ਬਾਰੇ ਚਰਚਾ ਕੀਤੀ। ਡਾ. ਸੰਧਿਆ ਨੇ ਵਿਭਾਗ ਵਲੋਂ ਤਿਆਰ ਕੀਤੀਆਂ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ। ਡਾ. ਮਨਪ੍ਰੀਤ ਕੌਰ ਸੈਣੀ ਨੇ ਕੀੜੇ ਮਕੌੜਿਆਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਅਨਾਜ ਦੇ ਭੰਡਾਰਨ ਤਕਨੀਕਾਂ ਬਾਰੇ ਜਾਣੂ ਕਰਵਾਇਆ। ਡਾ. ਰੋਹਿਤ ਸ਼ਰਮਾ ਨੇ ਕਣਕ, ਚੌਲਾਂ ਤੇ ਮਸਾਲਿਆਂ ਦੀ ਪ੍ਰੋਸੈਸਿੰਗ 'ਚ ਸ਼ਾਮਿਲ ਮਸ਼ੀਨਰੀ ਦਾ ਪ੍ਰਦਰਸ਼ਨ ਕੀਤਾ। ਡਾ. ਗਗਨਦੀਪ ਕੌਰ ਨੇ ਛੋਟੇ ਤੇ ਸੀਮਤ ਕਿਸਾਨਾਂ ਨੂੰ ਸਹਾਇਕ ਕਿੱਤੇ ਵਜੋਂ ਖੁੰਬਾਂ ਦੇ ਉਤਪਾਦਨ ਤੇ ਪ੍ਰੋਸੈਸਿੰਗ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਘਰੇਲੂ ਪੱਧਰ 'ਤੇ ਖੁੰਬਾਂ ਦੀ ਕਾਸ਼ਤ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ।



ਨੂਰਾ ਮਾਹੀ ਬੱਸ ਸਟੈਂਡ ਰਾਏਕੋਟ ਸਾਹਮਣੇ ਬੀ. ਕੇ. ਯੂ. (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ ਤੇ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਸੇਖੋਂ ਦੀ ਅਗਵਾਈ ਹੇਠ ਪੁਤਲਾ ਫੂਕਦੇ ਹੋਏ। ਤਸਵੀਰ : ਬਲਵਿੰਦਰ ਸਿੰਘ ਲਿੱਤਰ

## ਕਿਸਾਨਾਂ 'ਤੇ ਪੁਲਿਸ ਵਲੋਂ ਜਬਰ ਖ਼ਿਲਾਫ਼ ਰਾਏਕੋਟ ਵਿਖੇ ਕੇਂਦਰ ਤੇ ਹਰਿਆਣਾ ਸਰਕਾਰ ਦਾ ਪੁਤਲਾ ਫੂਕਿਆ

ਰਾਏਕੋਟ, 8 ਦਸੰਬਰ (ਬਲਵਿੰਦਰ ਸਿੰਘ ਲਿੱਤਰ)-ਭਖਦੇ ਕਿਸਾਨੀ ਮਸਲਿਆਂ ਲਈ ਮਹੀਨਿਆਂਬੱਧੀ ਪੱਕੇ ਮੋਰਚੇ ਨੂੰ ਕੇਂਦਰੀ ਭਾਜਪਾ ਸਰਕਾਰ ਵਲੋਂ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਦਿੱਲੀ ਵੱਲ ਪੈਦਲ ਜਾ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਮਾਰ ਕੇ ਜ਼ਖ਼ਮੀ ਕਰਨ ਨਾਲ ਸ਼ਾਂਤਮਈ ਸੰਘਰਸ਼ ਦਾ ਹੱਕ ਖੋਹੇ ਜਾਣ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵਲੋਂ ਸਖ਼ਤ ਨਿਖੇਧੀ ਕੀਤੀ ਗਈ। ਜਿਸ ਦੇ ਸੰਬੰਧ 'ਚ ਨੂਰਾ ਮਾਹੀ ਬੱਸ ਅੱਡਾ ਰਾਏਕੋਟ ਸਾਹਮਣੇ ਮੋਦੀ ਸਰਕਾਰ ਤੇ ਹਰਿਆਣਾ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਸੰਬੰਧੀ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਬੀ. ਕੇ. ਯੂ. (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ ਤੇ ਬਲਾਕ ਰਾਏਕੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੇਖੋਂ ਨੇ ਭਾਜਪਾ ਸਰਕਾਰ ਦੀ ਇਸ ਜਾਬਰ ਕਾਰਵਾਈ ਨੂੰ ਕਿਸਾਨਾਂ ਨਾਲ ਦੁਸ਼ਮਰਾਨਾ ਵਿਵਹਾਰ ਕਿਹਾ ਹੈ। ਸੱਤਾਧਾਰੀਆਂ ਦੀਆਂ ਕਿਸਾਨ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਕਾਰਨ

> • ਦਿੱਲੀ ਵੱਲ ਪੈਦਲ ਜਾ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵਲੋਂ ਤਸ਼ੱਦਦ ਕਰਨਾ ਸ਼ਾਂਤਮਈ ਸੰਘਰਸ਼ ਦੇ ਹੱਕ ਖੋਹਣ ਬਰਾਬਰ-ਨੂਰਪੁਰਾ/ਸੇਖੋਂ

ਜਾਨਲੇਵਾ ਕਰਜ਼ਿਆਂ ਥੱਲੇ ਦੱਬੇ ਹਜ਼ਾਰਾਂ ਦੀ ਤਾਦਾਦ 'ਚ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਚੁੱਕੇ ਅਤੇ ਲਗਾਤਾਰ ਹੋ ਰਹੇ ਕਿਸਾਨਾਂ ਦੀ ਐੱਮ. ਐੱਸ. ਪੀ. 'ਤੇ ਫ਼ਸਲਾਂ ਦੀ ਖ਼ਰੀਦ ਦੀ ਕਾਨੂੰਨੀ ਗਾਰੰਟੀ ਵਰਗੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਸ਼ਾਂਤਮਈ ਸੰਘਰਸ਼ ਦਾ ਸੰਵਿਧਾਨਕ ਹੱਕ ਖੋਹਣਾ ਇਸੇ ਦੁਸ਼ਮਣੀ ਦਾ ਸਬੂਤ ਬਣਦਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਕਿਸਾਨਾਂ ਦੀਆਂ ਬਿਲਕੁਲ ਜਾਇਜ਼ ਤੇ ਹੱਕੀ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਅਤੇ ਪੁਲਿਸ ਜਬਰ ਬੰਦ ਕੀਤਾ ਜਾਵੇ। ਸ਼ਾਂਤਮਈ ਸੰਘਰਸ਼ ਦਾ ਸੰਵਿਧਾਨਕ ਹੱਕ ਬਹਾਲ ਕੀਤਾ ਜਾਵੇ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵਲੋਂ ਵੀ ਕਿਸਾਨਾਂ 'ਤੇ ਕੀਤੇ ਗਏ ਤਸ਼ੱਦਦ ਦੀ ਨਿਖੇਧੀ ਕੀਤੀ। ਇਸ ਮੌਕੇ ਮਨਜੀਤ ਸਿੰਘ ਬੁਢੇਲ, ਮਨਜੀਤ ਸਿੰਘ ਖ਼ਜ਼ਾਨਚੀ, ਪਾਲ ਸਿੰਘ ਬੁਢੇਲ, ਸਤਪਾਲ ਸਿੰਘ ਨੱਥੋਵਾਲ, ਗਗਨਦੀਪ ਸਿੰਘ ਬੁਰਜ ਹਰੀ ਸਿੰਘ, ਹਰੀ ਸਿੰਘ ਬੁਰਜ, ਬੇਅੰਤ ਸਿੰਘ ਬ੍ਰਹਮਪੁਰ, ਸ਼ਿੰਦਾ ਰਾਏਕੋਟ ਆਦਿ ਹਾਜ਼ਰ ਸਨ।

## ਪ੍ਰਧਾਨ ਮਨਜੀਤ ਸਿੰਘ ਹੰਬੜਾਂ ਕਾਂਗਰਸ ਦੇ ਨਗਰ ਨਿਗਮ ਚੋਣਾਂ ਲਈ ਬਾਘਾ ਪੁਰਾਣਾ ਦੇ ਇੰਚਾਰਜ ਨਿਯੁਕਤ



ਹੰਬੜਾਂ, 8 ਦਸੰਬਰ (ਮੇਜਰ ਹੰਬੜਾਂ)-ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਐੱਮ. ਪੀ. ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਅਤੀ ਨਜ਼ਦੀਕੀ ਪ੍ਰਧਾਨ ਮਨਜੀਤ ਸਿੰਘ ਹੰਬੜਾਂ ਨੂੰ ਕਾਂਗਰਸ ਪਾਰਟੀ ਨੇ ਨਗਰ ਨਿਗਮ ਚੋਣਾਂ ਲਈ ਬਾਘਾਪੁਰਾਣਾ ਦੇ ਸਕਰੀਨਿੰਗ ਕਮੇਟੀ ਦਾ ਇੰਚਾਰਜ ਨਿਯੁਕਤ ਕੀਤਾ ਹੈ, ਜਿਸ ਨਾਲ ਕਸਬਾ ਹੰਬੜਾਂ ਦੇ ਕਾਂਗਰਸੀ ਵਰਕਰਾਂ 'ਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਧਾਨ ਮਨਜੀਤ ਸਿੰਘ ਹੰਬੜਾਂ ਪਹਿਲਾ ਵੀ ਬਾਘਾ ਪੁਰਾਣਾ ਦੇ ਕੋਆਰਡੀਨੇਟਰ ਰਹਿ ਚੁੱਕੇ ਹਨ। ਇਸ ਨਿਯੁਕਤੀ ਨੂੰ ਲੈ ਕੇ ਖ਼ੁਸ਼ੀ ਪ੍ਰਗਟ ਕਰਦਿਆਂ ਪ੍ਰਧਾਨ ਹੰਬੜਾਂ ਨੇ ਆਖਿਆ ਕਿ ਮੈਂ ਧੰਨਵਾਦੀ ਹਾਂ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਜਿਨ੍ਹਾਂ ਨੇ ਮੇਰੇ 'ਤੇ ਭਰੋਸਾ ਕਰਕੇ ਮੈਨੂੰ ਨਗਰ ਨਿਗਮ ਕਮੇਟੀ ਚੋਣਾਂ ਲਈ ਬਾਘਾ ਪੁਰਾਣਾ ਤੋਂ ਇੰਚਾਰਜ ਨਿਯੁਕਤ ਕੀਤਾ ਹੈ। ਮੈਂ ਕਾਂਗਰਸ ਹਾਈਕਮਾਨ ਤੇ ਐੱਮ. ਪੀ. ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ ਅਤੇ ਨਗਰ ਨਿਗਮ ਚੋਣਾਂ 'ਚ ਪੜ੍ਹੇ-ਲਿਖੇ ਮਿਹਨਤੀ ਵਰਕਰਾਂ ਨੂੰ ਟਿਕਟਾਂ ਦੇਣ ਦੇ ਨਾਲ ਪਾਰਟੀ ਨੂੰ ਜਿਤਾਉਣ ਲਈ ਦਿਨ ਰਾਤ ਇਕ ਕਰ ਦੇਵਾਂਗਾ। ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ, ਸਾਬਕਾ ਸਰਪੰਚ ਹਰਦੀਪ ਸਿੰਘ ਲੱਕੀ ਖਹਿਰਾ ਸਮੇਤ ਕਾਂਗਰਸੀ ਵਰਕਰਾਂ ਨੇ ਪ੍ਰਧਾਨ ਮਨਜੀਤ ਸਿੰਘ ਹੰਬੜਾਂ ਨੂੰ ਵਧਾਈ ਦਿੱਤੀ ਤੇ ਪੰਜਾਬ ਕਾਂਗਰਸ ਪ੍ਰਧਾਨ ਲੁਧਿਆਣਾ ਐੱਮ. ਪੀ. ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਕਾਂਗਰਸ ਹਾਈਕਮਾਨ ਦਾ ਧੰਨਵਾਦ ਕੀਤਾ।


## ਸਿਰਲੇਖਵਾਰ ਇਸ਼ਤਿਹਾਰ Classified Advertisement

### ਕੰਨਿਆ ਦੀ ਲੋੜ Bride Wanted

ਜੱਟ ਸਿੱਖ Govt. Job ਲੜਕਾ 1994/6' B.Sc 16 Acre's Land ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ। 85449-57192. ..........18w

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਕੱਦ 6'-1" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਕੈਨੇਡੀਅਨ ਜਾਂ ਇੰਡੀਅਨ ਪਰਿਵਾਰਿਕ ਲੜਕੀ ਦੀ ਲੋੜ। ਲੜਕੇ ਦਾ ਪਰਿਵਾਰ ਕੈਨੇਡਾ ਵੈੱਲ ਸੈਟਲਡ। ਲੜਕਾ ਇੰਡੀਆ ਆਇਆ ਹੋਇਆ। ਬਾਇਓ ਡਾਟਾ Whatsapp 'ਤੇ ਭੇਜੋ 7986137214, 6280288170, 62802-22408 ..........37w

ਜੱਟ ਸਿੱਖ ਗਿੱਲ 30/6'-0" ਆਸਟ੍ਰੇਲੀਆ PR ਲੜਕੇ ਲਈ ਪੜ੍ਹੀ-ਲਿਖੀ ਪਰਿਵਾਰਕ ਲੜਕੀ ਚਾਹੀਦੀ। ਬਿਊਰੋ ਮੁਆਫੀ। +61416340117 ਆਸਟ੍ਰੇਲੀਆ, +9198150-21756 ਵਟਸਐਪ, 76580-35239. ਇੰਡੀਆ। ..........22w

### ਵਰ ਦੀ ਲੋੜ Groom Wanted

ਖੂਬਸੂਰਤ ਜੱਟਸਿੱਖ ਕੈਨੇਡਾ ਪੀ ਆਰ ਲੜਕੀ 2001/5'-8" B.Sc, Nursing, RN, 18 Acre's land ਇਕਲੌਤੀ ਲੜਕੀ ਲਈ ਵਧੀਆ ਖਾਨਦਾਨ ਦੀ ਲੋੜ। 80541-80294. ..........20w

### ਵਰ ਦੀ ਲੋੜ Groom Wanted

ਜੱਟ ਸਿੱਖ ਲੜਕੀ 1999/5'-6" B.Sc Nursing ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 81949-49983. ..........15w

ਜੱਟ ਸਿੱਖ ਯੂ. ਕੇ. ਸਿਟੀਜ਼ਨ ਲੜਕੀ 2000/5'-7" B.Sc (Honours) Accountant ਲਈ ਵਧੀਆ ਪਰਿਵਾਰ ਦੀ ਲੋੜ। 98762-46527. ..........15w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1994/5'-6" Degree in Account (Canada) ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98783-33754. ..........17w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1996/5'-7" B.Sc Nursing Govt. Job RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98141-58021 ..........19w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1998/5'-7" B.Sc Nursing, RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 78370-05734. ..........15w

ਰਾਮਦਾਸੀਆ ਸਿੱਖ ਨਿਊਜ਼ੀਲੈਂਡ ਸਿਟੀਜ਼ਨ ਲੜਕੀ 1999/5'-5" M.Sc ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98555-11185. ..........15w

### ਵਰ ਦੀ ਲੋੜ Groom Wanted

ਰਾਮਦਾਸੀਆ ਸਿੱਖ ਆਸਟ੍ਰੇਲੀਆ ਪੀ ਆਰ ਲੜਕੀ 2000/5'-7" Bachelor's of Nursing Registered Nurse ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। Caste no Bar. ਲੜਕੀ India ਆਈ ਹੈ। 90563-63382. ..........26w

ਮਜ਼ਬੀ ਸਿੱਖ Govt. Bank Job ਲੜਕੀ 1998/5'-6" B.Sc (Honours) ਲਈ Govt. Employee ਜਾਂ Businessman ਲੜਕੇ ਦੀ ਲੋੜ। 83601-14860. ..........19w

ਮਜ਼ਬੀ ਸਿੱਖ ਕੈਨੇਡਾ ਪੀ ਆਰ ਲੜਕੀ 1998/5'-5" B.Sc Nursing, RN ਲਈ ਵਧੀਆ ਪਰਿਵਾਰ ਦੀ ਲੋੜ। 99150-95937. ..........15w

### ਸੂਚਨਾ

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ।

-ਇਸ਼ਤਿਹਾਰ ਮੈਨੇਜਰ



### ਸੂਚਨਾ Notice

### ਨਾਂਅ ਦੀ ਬਦਲੀ Change of Name

I, Sahil S/o Devi Dyal R/o H. No. 01 Near Vikash Dharam Shala, Abdullapur Basti Ludhiana (Punjab) have changed my name Sahil to Sahil Kumar. Concerned note. ..........27w



### ਨੌਕਰੀਆਂ/ਰੋਜ਼ਗਾਰ jobs jobs jobs

### ਅਸਾਮੀਆਂ Vacancy

Golden Chance ਚਾਹੀਦੇ Bank/MNC ਅੱਠਵੀਂ, ਦਸਵੀਂ, ਬਾਰ੍ਹਵੀਂ, ਗ੍ਰੈਜੂਏਟ ਲੜਕੇ-ਲੜਕੀਆਂ (14,000-30,000) 7837691675, 7837048128. ..........15w



### ਇਲਾਜ Medical

### ਬਿਊਟੀ Beauty

ਦਾੜ੍ਹੀ ਦਾ ਸਫੈਦ ਹੋਣਾ, ਵਾਲਾਂ ਦਾ ਝੜਨਾ, ਕੰਪਿਊਟਰਾਈਜ਼, ਮਸ਼ੀਨਾਂ ਦੁਆਰਾ ਟੈਸਟ ਕਰਕੇ ਲੇਜ਼ਰ ਮਸ਼ੀਨ/ਪੀ ਆਰ ਪੀ ਨਾਲ ਠੀਕ। ਲੇਜ਼ਰ+ਦਵਾਈ 1200-1500/-ਹਫਤਾ। ਸਿਰੀਰਾਮ ਹਸਪਤਾਲ, ਫਰੀਦਕੋਟ। 98143-32202. ..........27w

### ਪਾਠਕਾਂ ਦੇ ਧਿਆਨ ਹਿਤ

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।